FOOD STANDARDS AGENCY




Food law inspections and your business
Punjabi

## ਫ਼ੂਡ ਲਾਅ ਇੰਸਪੈਕਸ਼ਨਾਂ (ਭੋਜਨ ਨਾਲ ਸੰਬੰਧਿਤ ਕਾਨੂੰਨ ਦੇ ਤਹਿਤ ਇੰਸਪੈਕਸ਼ਨਾਂ)ਅਤੇ ਤੁਹਾਡਾ ਕਾਰੋਬਾਰ

ਜੇ ਤੁਸੀਂ ਭੋਜਨ ਬਣਾਉਣ ਜਾਂ ਤਿਆਰ ਕਰਨ ਦਾ ਕਾਰੋਬਾਰ ਕਰਦੇ ਹੋ, ਤਾਂ ਇਸ ਕਾਰੋਬਾਰ ਦੀਆਂ ਇੰਸਪੈਕਸ਼ਨਾਂ ਇਹ ਗੱਲ ਯਕੀਨੀ ਬਣਾਉਣ ਲਈ ਕੀਤੀਆਂ ਜਾਣਗਗੀਆਂ ਕਿ ਕੀ ਤੁਸੀਂ ਭੋਜਨ ਸੰਬੰਧੀ ਕਾਨੂੰਨ ਦਾ ਪਾਲਣ ਕਰ ਰਹੇ ਹੋ। ਇੰਸਪੈਕਸਟਰ ਤੁਹਾਡੀ ਲੋਕਲ ਅਥਾਰਿਟੀ (ਕਾਉਂਸਿਲ) ਤੋਂ ਆਉਣਗੇ (ਜਾਂ ਨੌਰਦਰਨ ਆਇਰਲੈਂਡ ਵਿਚ ਡਿਸਟ੍ਰਿਕਟ ਕਾਉਂਸਿਲ ਵਲੋਂ ਆਉਣਗੇ)।

ਇਸ ਕਿਤਾਬਚੇ ਵਿਚ ਦੱਸਿਆ ਗਿਆ ਹੈ ਕਿ ਇੰਸਪੈਕਸ਼ਨਾਂ ਵਿਚ ਕਿਹੜੇ ਕੰਮ ਸ਼ਾਮਿਲ ਹੋ ਸਕਦੇ ਹਨ ਅਤੇ ਜੇ ਇੰਸਪੈਕਟਰਾਂ ਨੂੰ ਤੁਹਾਡੇ ਕਾਰੋਬਾਰ ਵਿਚ ਕੋਈ ਗ਼ਲਤ ਗੱਲ ਦਿਸੇ ਤਾਂ ਉਹ ਕੀ ਕਾਰਵਾਈ ਕਰ ਸਕਦੇ ਹਨ।

# 1


**ਇੰਸਪੈਕਸ਼ਨਾਂ ਕਾਹਦੇ ਲਈ ਕੀਤੀਆਂ ਜਾਂਦੀਆਂ ਹਨ** 2

ਇਹ ਯਕੀਨੀ ਬਣਾਉਣਾ ਕਿ ਭੋਜਨ ਖਾਣ ਲਈ ਸੁਰੱਖਿਅਤ ਹੋਵੇ 3

ਇਹ ਯਕੀਨੀ ਬਣਾਉਣਾ ਕਿ ਭੋਜਨ ਬਾਰੇ ਦਿੱਤੀ ਗਈ ਜਾਣਕਾਰੀ ਭੁਲੇਖਾ-ਪਾਊ ਨਾ ਹੋਵੇ 3

ਇੰਸਪੈਕਸ਼ਨਾਂ ਕਿੰਨੀ ਕਿੰਨੀ ਦੇਰ ਮਗਰੋਂ ਹੁੰਦੀਆਂ ਹਨ 3


# 2


**ਇੰਸਪੈਕਟਰ ਕੀ ਕਰਦੇ ਹਨ** 4

ਇੰਸਪੈਕਸ਼ਨ ਲਈ ਆਉਣਾ 5

ਕਾਰਵਾਈ ਕਰਨਾ 6

ਅਪੀਲ ਕਰਨਾ 7

**ਵਧੇਰੇ ਜਾਣਕਾਰੀ** 8

ਇੰਸਪੈਕਸ਼ਨਾਂ

ਕਾਹਦੇ ਲਈ

ਕੀਤੀਆਂ

ਜਾਂਦੀਆਂ ਹਨ

ਇੰਸਪੈਕਸ਼ਨਾਂ ਕਾਹਦੇ ਲਈ ਕੀਤੀਆਂ ਜਾਂਦੀਆਂ ਹਨ

## ਇਹ ਯਕੀਨੀ ਬਣਾਉਣਾ ਕਿ ਭੋਜਨ ਖਾਣ ਲਈ ਸੁਰੱਖਿਅਤ ਹੋਵੇ

ਇੰਸਪੈਕਟਰ ਚੈਕ ਕਰਨਗੇ ਕਿ ਕੀ ਤੁਹਾਡੇ ਕਾਰੋਬਾਰ ਵਿਚ ਤਿਆਰ ਕੀਤਾ ਜਾਣ ਵਾਲਾ ਭੋਜਨ ਖਾਣ ਲਈ ਸੁਰੱਖਿਅਤ ਹੈ। ਇਸ ਕੰਮ ਲਈ ਉਹ ਇਹ ਕੁਝ ਦੇਖਣਗੇ:

- ਤੁਹਾਡੇ ਕੰਮ ਦੀ ਥਾਂ
- ਜਿਸ ਕਿਸਮ ਦਾ ਭੋਜਨ ਤੁਸੀਂ ਬਣਾਉਂਦੇ ਜਾਂ ਤਿਆਰ ਕਰਦੇ ਹੋ
- ਤੁਸੀਂ ਕਿਵੇਂ ਕੰਮ ਕਰਦੇ ਹੋ
- ਭੋਜਨ ਨੂੰ ਸੁਰੱਖਿਅਤ ਰੱਖਣ ਦੇ ਤੁਹਾਡੇ ਪ੍ਰਬੰਧ

ਭੋਜਨ ਦੀ ਸਿਹਤਮੰਦ ਸਫ਼ਾਈ ਦੇ ਲਾਜ਼ਮੀ ਨਿਯਮਾਂ ਬਾਰੇ ਪੜ੍ਹਨ ਲਈ ਫ਼ੂਡ ਸਟੈਂਡਰਡਜ਼ ਏਜੰਸੀ (ਐਫ਼ ਐੱਸ ਏ) ਦਾ ਕਿਤਾਬਚਾ 'Food hygiene – a guide for businesses' (ਭੋਜਨ ਦੀ ਸਿਹਤਮੰਦ ਸਫ਼ਾਈ – ਕਾਰੋਬਾਰਾਂ ਲਈ ਜਾਣਕਾਰੀ) ਪੜ੍ਹੋ ਜਾਂ ਆਪਣੀ ਲੋਕਲ ਅਥਾਰਿਟੀ (ਕਾਉਂਸਿਲ) ਵਿਚ ਐਨਵਾਇਰਨਮੈਂਟਲ ਹੈਲਥ ਸਰਵਿਸ ਨਾਲ ਗੱਲ ਕਰੋ।

## ਇਹ ਯਕੀਨੀ ਬਣਾਉਣਾ ਕਿ ਭੋਜਨ ਬਾਰੇ ਦਿੱਤੀ ਗਈ ਜਾਣਕਾਰੀ ਭੁਲੇਖਾ-ਪਾਊ ਨਾ ਹੋਵੇ

ਇੰਸਪੈਕਟਰ ਇਹ ਵੀ ਦੇਖਣਗੇ ਕਿ ਭੋਜਨ ਬਾਰੇ ਜਾਣਕਾਰੀ ਤੁਸੀਂ ਕਿਵੇਂ ਦਿੰਦੇ ਹੋ, ਜਿਵੇਂ ਕਿ ਮੈਨਿਊ ਜਾਂ ਲੇਬਲ 'ਤੇ, ਤਾਕਿ ਉਹ ਦੇਖ ਸਕਣ ਕਿ ਇਹ ਜਾਣਕਾਰੀ ਗਾਹਕਾਂ ਲਈ ਭੁਲੇਖਾ-ਪਾਊ ਨਾ ਹੋਵੇ।

ਭੋਜਨ ਬਾਰੇ ਜਾਣਕਾਰੀ ਦੇਣ ਬਾਰੇ ਹੋਰ ਜਾਣਕਾਰੀ ਐਫ਼ ਐੱਸ ਏ ਦੀ ਇਸ ਵੈੱਬਸਾਈਟ ਤੋਂ ਲਓ: www.food.gov.uk

## ਇੰਸਪੈਕਸ਼ਨਾਂ ਕਿੰਨੀ ਕਿੰਨੀ ਦੇਰ ਮਗਰੋਂ ਹੁੰਦੀਆਂ ਹਨ

ਇੰਸਪੈਕਟਰ ਆਮ ਢੰਗ ਨਾਲ ਵੀ ਆ ਸਕਦੇ ਹਨ, ਜਾਂ ਜਦ ਕਿਸੇ ਨੇ ਸ਼ਿਕਾਇਤ ਕੀਤੀ ਹੋਵੇ ਉਸ ਵੇਲੇ ਵੀ ਆ ਸਕਦੇ ਹਨ। ਤੁਹਾਡੇ ਕਾਰੋਬਾਰ ਦਾ ਮੁਆਇਨਾ ਕਰਨ ਲਈ ਇੰਸਪੈਕਟਰ ਕਿੰਨੀ ਕਿੰਨੀ ਦੇਰ ਮਗਰੋਂ ਆਉਣਗੇ, ਇਹ ਤੁਹਾਡੇ ਕਾਰੋਬਾਰ ਦੀ ਕਿਸਮ 'ਤੇ ਇਹਦੇ ਪਿਛਲੇ ਰਿਕਾਰਡ 'ਤੇ ਨਿਰਭਰ ਹੋਏਗਾ। ਕਈ ਥਾਂਵਾਂ ਦੀ ਇੰਸਪੈਕਸ਼ਨ ਹਰ ਛੇ ਮਹੀਨਿਆਂ ਮਗਰੋਂ ਹੁੰਦੀ ਹੈ ਅਤੇ ਕਈਆਂ ਦੀ ਇਹਤੋਂ ਘੱਟ ਵਾਰ।

ਇੰਸਪੈਕਟਰਾਂ ਨੂੰ ਹੱਕ ਹੈ ਕਿ ਉਹ ਕਿਸੇ ਵੀ ਜਾਇਜ਼ ਸਮੇਂ 'ਤੇ ਭੋਜਨ ਦੇ ਕਾਰੋਬਾਰ ਵਾਲੀ ਥਾਂ 'ਤੇ ਦਾਖ਼ਿਲ ਹੋ ਕੇ ਖਾਣੇ ਦੀ ਇੰਸਪੈਕਸ਼ਨ ਕਰ ਸਕਣ। ਉਹਨਾਂ ਨੂੰ ਅਪੁਆਇੰਟਮੈਂਟ ਲੈਣ ਦੀ ਲੋੜ ਨਹੀਂ ਹੁੰਦੀ, ਅਤੇ ਆਮ ਤੌਰ 'ਤੇ ਉਹ ਪਹਿਲਾਂ ਦੱਸੇ ਬਿਨਾਂ ਆਉਂਦੇ ਹਨ।

# ਇੰਸਪੈਕਟਰ ਕੀ ਕਰਦੇ ਹਨ

ਇੰਸਪੈਕਟਰ
ਕੀ ਕਰਦੇ ਹਨ

## ਇੰਸਪੈਕਸ਼ਨ ਲਈ ਆਉਣਾ

ਜਦ ਇੰਸਪੈਕਟਰ ਆਉਂਦੇ ਹਨ, ਤਾਂ ਉਹਨਾਂ ਨੂੰ ਲੋਕਲ ਅਥਾਰਿਟੀ ਵਲੋਂ ਭੋਜਨ ਦਾ ਕਾਨੂੰਨ ਲਾਗੂ ਕਰਵਾਉਣ ਬਾਰੇ ਫ਼ੂਡ ਸਟੈਂਡਰਡਜ਼ ਏਜੰਸੀ ਫ਼੍ਰੇਮਵਰਕ ਐਗਰੀਮੈਂਟ (Food Standards Agency's Framework Agreement) ਦਾ ਪਾਲਣ ਕਰਨਾ ਪੈਂਦਾ ਹੈ। ਇਸ ਫ਼੍ਰੇਮਵਰਕ ਐਗਰੀਮੈਂਟ ਵਿਚ ਮਿਆਰ ਨਿਸ਼ਚਿਤ ਕੀਤੇ ਹੋਏ ਹਨ ਕਿ ਕਾਨੂੰਨ ਲਾਗੂ ਕਰਵਾਉਣ ਦੇ ਆਪਣੇ ਫ਼ਰਜ਼ਾਂ ਦਾ ਪਾਲਣ ਲੋਕਲ ਅਥਾਰਿਟੀਆਂ ਕਿਵੇਂ ਕਰਨ। ਇਹ ਫ਼੍ਰੇਮਵਰਕ ਐਗਰੀਮੈਂਟ ਤੁਸੀਂ ਐਫ਼ ਐੱਸ ਏ ਦੀ ਇਸ ਵੈੱਬਸਾਈਟ 'ਤੇ ਪੜ੍ਹ ਸਕਦੇ ਹੋ: **www.food.gov.uk**

ਤੁਸੀਂ ਆਸ ਰੱਖ ਸਕਦੇ ਹੋ ਕਿ ਇੰਸਪੈਕਟਰ ਆ ਕੇ ਤੁਹਾਨੂੰ ਆਪਣੀ ਪਛਾਣ ਦਾ ਸਬੂਤ ਦਿਖਾਉਣ ਅਤੇ ਪੂਰਾ ਸਮਾਂ ਤੁਹਾਡੇ ਨਾਲ ਇੱਜ਼ਤ ਮਾਣ ਨਾਲ ਪੇਸ਼ ਆਉਣ। ਇੰਸਪੈਕਸ਼ਨ ਬਾਰੇ ਆਪਣੇ ਵਿਚਾਰ ਉਹ ਸਦਾ ਤੁਹਾਨੂੰ ਦੱਸਦੇ ਹਨ। ਇਹਦਾ ਮਤਲਬ ਹੈ ਕਿ ਜੇ ਉਹਨਾਂ ਨੂੰ ਕੋਈ ਖ਼ਰਾਬੀਆਂ ਦਿਸਣ, ਤਾਂ ਉਹ ਤੁਹਾਨੂੰ ਇਹਨਾਂ ਨੂੰ ਦੂਰ ਕਰਨ ਬਾਰੇ ਸਲਾਹ ਦਿੰਦੇ ਹਨ।

ਜੇ ਤੁਹਾਨੂੰ ਇੰਸਪੈਕਟਰ ਕੁਝ ਕਰਨ ਦੀ ਸਲਾਹ ਦੇਣ, ਤਾਂ ਉਹ ਦੱਸਣਗੇ ਕਿ ਕੀ ਇਹ ਕੰਮ ਕਾਨੂੰਨ ਦਾ ਪਾਲਣ ਕਰਨ ਲਈ ਕਰਨਾ ਜ਼ਰੂਰੀ ਹੈ ਜਾਂ ਵੈਸੇ ਹੀ ਚੰਗਾ ਕੰਮ ਹੈ।

ਜੇ ਇੰਸਪੈਕਸ਼ਨ ਦੇ ਸਿੱਟੇ ਵਜੋਂ ਤੁਹਾਨੂੰ ਕੋਈ ਕੰਮ ਲਈ ਆਖਿਆ ਜਾਏ, ਤਾਂ ਇਹਦੇ ਕਾਰਣ ਤੁਹਾਨੂੰ ਲਿਖ ਕੇ ਦੱਸਣਾ ਜ਼ਰੂਰੀ ਹੈ। ਜੇ ਇੰਸਪੈਕਟਰਾਂ ਦਾ ਫ਼ੈਸਲਾ ਇਹ ਹੋਵੇ ਕਿ ਤੁਸੀਂ ਕਾਨੂੰਨ ਤੋੜ ਰਹੇ ਹੋ, ਤਾਂ ਉਹਨਾਂ ਲਈ ਜ਼ਰੂਰੀ ਹੈ ਕਿ ਉਹ ਤੁਹਾਨੂੰ ਦੱਸਣ ਕਿ ਕਾਨੂੰਨ ਕੀ ਹੈ।

ਇੰਸਪੈਕਟਰਾਂ ਲਈ ਜ਼ਰੂਰੀ ਹੈ ਕਿ ਉਹ ਤੁਹਾਨੂੰ ਤਬਦੀਲੀਆਂ ਕਰਨ ਲਈ ਜਾਇਜ਼ ਸਮਾਂ ਦੇਣ, ਪਰ ਤਦ ਨਹੀਂ ਜੇ ਆਮ ਲੋਕਾਂ ਨੂੰ ਸਿਹਤ ਨੂੰ ਤੁਰੰਤ ਕੋਈ ਖ਼ਤਰਾ ਹੋਵੇ। ਉਹਨਾਂ ਲਈ ਤੁਹਾਨੂੰ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਤੁਸੀਂ ਅਪੀਲ ਕਿਵੇਂ ਕਰ ਸਕਦੇ ਹੋ (ਦੇਖੋ ਸਫ਼ਾ 7)।

## ਕਾਰਵਾਈ ਕਰਨਾ

ਇੰਸਪੈਕਟਰ ਜਦ ਜ਼ਰੂਰੀ ਸਮਝਣ, ਉਹ ਆਮ ਲੋਕਾਂ ਦੀ ਹਿਫ਼ਾਜ਼ਤ ਲਈ 'ਕਾਨੂੰਨ ਲਾਗੂ ਕਰਨ ਵਾਲੀ ਕਾਰਵਾਈ' (ਐਨਫ਼ੋਰਸਮੈਂਟ ਐਕਸ਼ਨ) ਕਰ ਸਕਦੇ ਹਨ। ਮਿਸਾਲ ਵਜੋਂ:

- ਤੁਹਾਡੇ ਰਿਕਾਰਡਾਂ ਦੀ ਜਾਂਚ ਪੜਤਾਲ ਕਰਨਾ
- ਭੋਜਨ ਦੇ ਨਮੂਨੇ ਅਤੇ ਫ਼ੋਟੋ ਲੈਣਾ
- ਤੁਹਾਨੂੰ ਗ਼ੈਰ-ਰਸਮੀ ਖ਼ਤ ਲਿਖ ਕੇ ਕਿਸੇ ਖ਼ਰਾਬੀ ਨੂੰ ਠੀਕ ਕਰਨ ਲਈ ਆਖਣਾ
- ਜਿਸ ਭੋਜਨ 'ਤੇ ਸ਼ੱਕ ਪਏ ਉਹਨੂੰ ਚੁੱਕ ਲੈਣਾ ਜਾਂ ਲੈ ਜਾਣਾ

ਉਹ ਤੁਹਾਨੂੰ ਨੋਟਿਸ ਵੀ ਦੇ ਸਕਦੇ ਹਨ। ਨੋਟਿਸਾਂ ਦੀਆਂ ਤਿੰਨ ਮੁੱਖ ਕਿਸਮਾਂ ਹਨ:

- 'ਸਫ਼ਾਈ ਵਿਚ ਸੁਧਾਰ ਕਰਨ ਦਾ ਨੋਟਿਸ', ਜਿਸ ਵਿਚ ਕੁਝ ਗੱਲਾਂ ਦੱਸੀਆਂ ਜਾਂਦੀਆਂ ਹਨ ਜੋ ਤੁਹਾਡੇ ਕਾਰੋਬਾਰ ਲਈ ਕਰਨਾ ਲਾਜ਼ਮੀ ਹੈ, ਜੇ ਇਹ ਕਾਨੂੰਨ ਤੋੜ ਰਿਹਾ ਹੈ
- 'ਹੰਗਾਮੀ ਹਾਲਤਾਂ ਵਿਚ ਸਫ਼ਾਈ ਨਾਲ ਸੰਬੰਧਤ ਮਨਾਹੀ ਦਾ ਨੋਟਿਸ', ਜਿਸ ਵਿਚ ਕੁਝ ਕੰਮਾਂ, ਥਾਂਵਾਂ ਜਾਂ ਸਮਾਨ ਦੀ ਵਰਤੋਂ ਦੀ ਮਨਾਹੀ ਕੀਤੀ ਜਾਂਦੀ ਹੈ, ਇਸ ਨੋਟਿਸ ਦੀ ਪ੍ਰਵਾਨਗੀ ਅਦਾਲਤ ਤੋਂ ਲੈਣਾ ਜ਼ਰੂਰੀ ਹੈ
- 'ਕੰਮਾਂ ਵਿਚ ਸੁਧਾਰ ਕਰਨ ਦਾ ਨੋਟਿਸ' (ਸਿਰਫ਼ ਸੰਸਥਾਵਾਂ ਵਲੋਂ ਪ੍ਰਵਾਨਤ), ਜਿਸ ਵਿਚ ਕੁਝ ਕੰਮਾਂ, ਥਾਂਵਾਂ ਜਾਂ ਸਮਾਨ ਦੀ ਵਰਤੋਂ ਦੀ ਮਨਾਹੀ ਕੀਤੀ ਜਾਂਦੀ ਹੈ, ਜਾਂ ਕੋਈ ਕੰਮ ਕਰਨ ਦੀਆਂ ਸ਼ਰਤਾਂ ਲਾਗੂ ਕੀਤੀਆਂ ਜਾਂਦੀਆਂ ਹਨ। ਇਹ ਨੋਟਿਸ ਹੰਗਾਮੀ ਹਾਲਤਾਂ ਵਿਚ ਸਫ਼ਾਈ ਨਾਲ ਸੰਬੰਧਤ ਮਨਾਹੀ ਦੇ ਨੋਟਿਸ ਵਰਗਾ ਹੁੰਦਾ ਹੈ, ਪਰ ਇਹਦੀ ਪ੍ਰਵਾਨਗੀ ਅਦਾਲਤ ਤੋਂ ਨਹੀਂ ਲੈਣੀ ਪੈਂਦੀ।

ਗੰਭੀਰ ਕੇਸਾਂ ਵਿਚ ਇੰਸਪੈਕਟਰ ਮੁਕੱਦਮਾ ਚਲਾਉਣ ਦੀ ਸਿਫ਼ਾਰਿਸ਼ ਵੀ ਕਰ ਸਕਦੇ ਹਨ। ਜੇ ਮੁਕੱਦਮਾ ਸਫਲ ਹੋ ਜਾਏ, ਤਾਂ ਅਦਾਲਤ ਤੁਹਾਨੂੰ ਕੁਝ ਕੰਮ ਕਰਨੋਂ ਜਾਂ ਥਾਂਵਾਂ ਜਾਂ ਸਾਮਨ ਦੀ ਵਰਤੋਂ ਕਰਨੋਂ ਮਨ੍ਹਾਂ ਕਰ ਸਕਦੇ ਹਨ, ਜਾਂ ਤੁਹਾਨੂੰ ਭੋਜਨ ਦੇ ਕਾਰੋਬਾਰ ਦਾ ਪ੍ਰਬੰਧ ਚਲਾਉਣੋਂ ਮਨ੍ਹਾਂ ਕੀਤਾ ਜਾ ਸਕਦਾ ਹੈ। ਇਹਦੇ ਕਾਰਣ ਤੁਹਾਨੂੰ ਜੁਰਮਨਾ ਜਾਂ ਕੈਦ ਵੀ ਹੋ ਸਕਦੀ ਹੈ।

## ਅਪੀਲ ਕਰਨਾ

ਹਰ ਲੋਕਲ ਅਥਾਰਿਟੀ ਨੇ ਆਪਣੀ ਸੇਵਾ ਬਾਰੇ ਆਈਆਂ ਸ਼ਿਕਾਇਤਾਂ ਨਾਲ ਨਿਪਟਣ ਲਈ ਕੋਈ ਰਸਮੀ ਪ੍ਰਬੰਧ ਕੀਤਾ ਹੁੰਦਾ ਹੈ। ਇਸ ਕਰਕੇ ਜੇ ਤੁਸੀਂ ਇੰਸਪੈਕਟਰਾਂ ਵਲੋਂ ਕੀਤੀ ਕਾਰਵਾਈ ਨਾਲ ਸਹਿਮਤ ਨਹੀਂ, ਤਾਂ ਤੁਹਾਨੂੰ ਆਪਣੀ ਲੋਕਲ ਅਥਾਰਿਟੀ ਵਿਚ ਹੈੱਡ ਆੱਵ ਐਨਵਾਇਰਨਮੈਂਟਲ ਹੈਲਥ ਹਾਂ ਟ੍ਰੇਡਿੰਗ ਸਟੈਂਡਰਡਜ਼ ਸਰਵਿਸਿਜ਼ ਨਾਲ ਸੰਪਰਕ ਕਰਕੇ ਦੇਖਣਾ ਚਾਹੀਦਾ ਹੈ ਕਿ ਕੀ ਮਸਲੇ ਗੱਲਬਾਤ ਕਰਨ ਜਾਂ ਖ਼ਤ ਲਿਖਣ ਨਾਲ ਹੱਲ ਹੋ ਸਕਦੇ ਹਨ। ਜੇ ਤੁਸੀਂ ਹਾਲੇ ਵੀ ਸਹਿਮਤ ਨਹੀਂ, ਤਾਂ ਤੁਸੀਂ ਆਪਣੇ ਇਲਾਕੇ ਦੇ ਕਾਉਂਸਿਲਰ ਨਾਲ ਗੱਲ ਕਰ ਸਕਦੇ ਹੋ।

ਜੇ ਤੁਹਾਨੂੰ ਜਾਪਦਾ ਹੈ ਕਿ ਤੁਹਾਡੀ ਲੋਕਲ ਅਥਾਰਿਟੀ ਹੋਰ ਲੋਕਲ ਅਥਾਰਿਟੀਆਂ ਨਾਲੋਂ ਵੱਖਰੇ ਢੰਗ ਨਾਲ ਕਾਨੂੰਨ ਲਾਗੂ ਕਰ ਰਹੀ ਹੈ, ਤਾਂ ਤੁਸੀਂ ਲੋਕਲ ਅਥਾਰਿਟੀਜ਼ ਕੁ-ਆਰਡੀਨੇਟਰਜ਼ ਆੱਵ ਰੈਗੂਲੇਟਰੀ ਸਰਵਿਸਿਜ਼ (Local Authorities Co-ordinators of Regulatory Services - LACORS) ਨਾਲ ਜਾਂ ਸਕਾਟਿਸ਼ ਫੂਡ ਕੁ-ਆਰਡੀਨੇਟਿੰਗ ਕਮੇਟੀ (Scottish Food Co-ordinating Committee) ਨਾਲ ਆਪਣੀ ਟ੍ਰੇਡਿੰਗ ਐਸੋਸੀਏਸ਼ਨ ਰਾਹੀਂ ਜਾਂ ਆਪਣੀ ਲੋਕਲ ਅਥਾਰਿਟੀ ਰਾਹੀਂ ਗੱਲ ਕਰ ਸਕਦੇ ਹੋ।

ਸਫ਼ਾਈ ਵਿਚ ਸੁਧਾਰ, ਹੋਰ ਸੁਧਾਰ ਕਰਨ ਜਾਂ ਹੰਗਾਮੀ ਮਨਾਹੀ ਨਾ ਹਟਾਉਣ ਦੇ ਲੋਕਲ ਅਥਾਰਿਟੀ ਦੇ ਕਿਸੇ ਆਰਡਰ ਦੇ ਖ਼ਿਲਾਫ਼ ਤੁਸੀਂ ਮੈਜਿਸਟ੍ਰੇਟਸ ਕੋਰਟ ਵਿਚ (ਜਾਂ ਸਕਾਟਲੈਂਡ ਵਿਚ ਸ਼ੈਰਿਫ਼ ਕੋਲ) ਅਪੀਲ ਕਰ ਸਕਦੇ ਹੋ। ਜਦ ਕਿਸੇ ਵਿਅਕਤੀ 'ਤੇ ਮਨਾਹੀ ਲੱਗੀ ਹੋਵੇ, ਤਾਂ ਇਹਨੂੰ ਸਿਰਫ਼ ਅਦਾਲਤ ਹੀ ਹਟਾ ਸਕਦੀ ਹੈ।

ਜਦ ਇੰਸਪੈਕਟਰ ਕਿਸੇ ਕਾਰੋਬਾਰੀ ਥਾਂ 'ਤੇ ਸਫ਼ਾਈ ਕਾਰਣ ਹੰਗਾਮੀ ਮਨਾਹੀ ਦਾ ਨੋਟਿਸ ਜਾਰੀ ਕਰਦੇ ਹਨ, ਤਾਂ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਅਦਾਲਤ ਤੋਂ (ਜਾਂ ਸਕਾਟਲੈਂਡ ਵਿਚ ਸ਼ੈਰਿਫ਼ ਤੋਂ) ਨਿਸ਼ਚਿਤ ਸਮੇਂ ਦੇ ਅੰਦਰ ਇਹਦੀ ਪ੍ਰਵਾਨਗੀ ਲੈਣੀ ਪੈਂਦੀ ਹੈ।

ਜੇ ਇੰਸਪੈਕਟਰ ਨੇ ਕੋਈ ਭੋਜਨ ਚੁੱਕਿਆ ਹੋਵੇ ਤਾਂ ਕਿਸੇ ਜਸਟਿਸ ਆੱਫ਼ ਪੀਸ (ਜਾਂ ਸ਼ੈਰਿਫ਼) ਤੋਂ ਹੁਕਮ ਲੈ ਕੇ ਹੀ ਇਹਨੂੰ ਇਹਨੂੰ ਮਨੁੱਖਾਂ ਦੇ ਖਾਣ ਦੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

ਜੇ ਤੁਸੀਂ ਚਾਹੋ ਤਾਂ ਅਦਾਲਤ ਦੀ ਕਾਰਵਾਈ ਵੇਲੇ ਹਾਜ਼ਿਰ ਹੋ ਸਕਦੇ ਹੋ। ਜੇ ਅਦਾਲਤ ਇਹ ਫ਼ੈਸਲਾ ਦੇਵੇ ਕਿ ਬਿਨਾਂ ਕਿਸੇ ਜਾਇਜ਼ ਕਾਰਣ ਕੰਮ ਦੀ ਥਾਂ ਨੂੰ ਬੰਦ ਕੀਤਾ ਗਿਆ ਹੈ ਜਾਂ ਭੋਜਨ ਚੁੱਕਿਆ ਗਿਆ ਹੈ, ਤਾਂ ਤੁਹਾਨੂੰ ਮੁਆਵਜ਼ਾ ਲੈਣ ਦਾ ਹੱਕ ਹੈ।

# ਵਧੇਰੇ ਜਾਣਕਾਰੀ

ਤੁਹਾਡੀ ਲੋਕਲ ਅਥਾਰਿਟੀ ਤੁਹਾਨੂੰ ਭੋਜਨ ਸੰਬੰਧੀ ਕਾਨੂੰਨ ਬਾਰੇ ਜਾਣਕਾਰੀ ਅਤੇ ਤੁਹਾਡੇ ਸਟਾਫ਼ ਨੂੰ ਭੋਜਨ ਦੀ ਸਿਹਤਮੰਦ ਸਫ਼ਾਈ ਬਾਰੇ ਜਾਣਕਾਰੀ ਦੇ ਸਕਦੀ ਹੈ। ਇਹ ਜਾਣਕਾਰੀ ਤੁਹਾਨੂੰ ਐਫ਼ ਐੱਸ ਏ ਦੀ ਵੈੱਬਸਾਈਟ www.food.gov.uk 'ਤੇ ਅਤੇ ਹੇਠ ਲਿਖੇ ਕਿਤਾਬਚਿਆਂ ਤੋਂ ਵੀ ਮਿਲ ਸਕਦੀ ਹੈ।

## ਫ਼ੂਡ ਸਟੈਂਡਰਡਜ਼ ਏਜੰਸੀ ਦੇ ਪ੍ਰਕਾਸ਼ਨ

Food hygiene – a guide for businesses
(**ਭੋਜਨ ਦੀ ਸਿਹਤਮੰਦ ਸਫ਼ਾਈ - ਕਾਰੋਬਾਰਾਂ ਲਈ ਜਾਣਕਾਰੀ**)
– ਭੋਜਨ ਦੀ ਸਿਹਤਮੰਦ ਸਫ਼ਾਈ ਨਾਲ ਸੰਬੰਧਤ ਨਿਯਮਾਂ ਬਾਰੇ ਆਮ ਜਾਣਕਾਰੀ)

Starting up – Your first steps to running a catering business
(**ਸ਼ੁਰੂ ਕਰਨਾ - ਭੋਜਨ ਦਾ ਕਾਰੋਬਾਰ ਸ਼ੁਰੂ ਕਰਨ ਲਈ ਤੁਹਾਡੇ ਮੁੱਢਲੇ ਕਦਮ**)
– ਭੋਜਨ ਦੇ ਨਵੇਂ ਕਾਰੋਬਾਰਾਂ ਲਈ ਜਾਣਕਾਰੀ

ਇਹਨਾਂ ਕਿਤਾਬਚਿਆਂ ਅਤੇ ਐਫ਼ ਐੱਸ ਦੇ ਹੋਰ ਪ੍ਰਕਾਸ਼ਨਾਂ ਦੀਆਂ ਕਾਪੀਆਂ ਦਾ ਆਰਡਰ ਦੇਣ ਲਈ, ਸੰਪਰਕ ਕਰਨ ਬਾਰੇ ਜਾਣਕਾਰੀ ਇਸ ਕਿਤਾਬਚੇ ਦੇ ਅਖ਼ੀਰ ਵਿਚ ਦਿੱਤੀ ਹੋਈ ਹੈ।

## ਭੋਜਨ ਦੀ ਸੁਰੱਖਿਆ ਦੇ ਪ੍ਰਬੰਧਾਂ ਬਾਰੇ ਪੈਕ

ਜੇ ਤੁਸੀਂ ਭੋਜਨ ਤਿਆਰ ਕਰਨ ਜਾਂ ਵੇਚਣ ਦਾ ਛੋਟਾ ਕਾਰੋਬਾਰ ਚਲਾਉਂਦੇ ਹੋ, ਤਾਂ ਭੋਜਨ ਦੀ ਸੁਰੱਖਿਆ ਦੇ ਪ੍ਰਬੰਧ ਲਾਗੂ ਕਰਨ ਵਿਚ ਮਦਦ ਦੇਣ ਵਾਲੇ ਪੈਕ ਤੁਹਾਨੂੰ ਐਫ਼ ਐੱਸ ਏ ਤੋਂ ਮਿਲ ਸਕਦੇ ਹਨ। ਇਹਦੇ ਬਾਰੇ ਹੋਰ ਜਾਣਕਾਰੀ ਆਪਣੀ ਲੋਕਲ ਅਥਾਰਿਟੀ ਤੋਂ ਲਓ ਜਾਂ ਐਫ਼ ਐੱਸ ਏ ਦੀ ਇਹ ਵੈੱਬਸਾਈਟ ਪੜ੍ਹੋ: www.food.gov.uk

## ਚੰਗੇ ਕੰਮਾਂ ਬਾਰੇ ਗਾਈਡਾਂ

ਭੋਜਨ ਦੀ ਸਨੱਅਤ ਨੇ ਇਸ ਕਾਰੋਬਾਰ ਵਿਚ ਚੰਗੇ ਕੰਮਾਂ ਬਾਰੇ ਗਾਈਡਾਂ ਤਿਆਰ ਕੀਤੀਆਂ ਹਨ ਜਿਹਨਾਂ ਵਿਚ ਭੋਜਨ ਦੀ ਸਿਹਤਮੰਦ ਸਫ਼ਾਈ ਦੇ ਨਿਯਮਾਂ ਦਾ ਪਾਲਣ ਕਰਨ ਬਾਰੇ ਵੀ ਸਲਾਹ ਦਿੱਤੀ ਗਈ ਹੈ। ਕਈ ਗਾਈਡਾਂ ਤਿਆਰ ਵੀ ਕੀਤੀਆਂ ਜਾ ਰਹੀਆਂ ਹਨ। ਇਹਨਾਂ ਬਾਰੇ ਜਾਣਕਾਰੀ ਲੈਣ ਲਈ ਐਫ਼ ਐੱਸ ਏ ਦੀ ਇਹ ਵੈੱਬਸਾਈਟ ਪੜ੍ਹੋ:
www.food.gov.uk


www.food.gov.uk

**ਫ਼ੂਡ ਸਟੈਂਡਰਡਜ਼ ਏਜੰਸੀ ਦੇ ਪ੍ਰਕਾਸ਼ਨ**

ਇਸ ਕਿਤਾਬਚੇ ਜਾਂ ਏਜੰਸੀ ਦੇ ਤਿਆਰ ਕੀਤੇ ਹੋਰ ਪ੍ਰਕਾਸ਼ਨਾਂ ਦੀਆਂ ਕਾਪੀਆਂ ਆਰਡਰ ਕਰਨ ਲਈ:

ਟੈਲੀਫ਼ੋਨ 0845 606 0667
ਮਿਨੀਕੋਮ 0845 606 0678
ਫ਼ੈਕਸ 020 8867 3225
ਈਮੇਲ foodstandards@ecgroup.uk.com

**ਫ਼ੂਡ ਸਟੈਂਡਰਡਜ਼ ਏਜੰਸੀ ਦੀ ਇਹ ਵੈੱਬਸਾਈਟ ਪੜ੍ਹੋ: www.food.gov.uk**

Published by the Food Standards Agency September 2006
Design by Hoop Associates

© Crown copyright 2006
FSA/1081/0906